**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 - 106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)
2. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ ਸਿ)

ਮੀਮੋ ਨੰ ਸਸਅ/ਮੈਥ ਸੈਲ/09/51672-51711
ਮਿਤੀ ਚੰਡੀਗੜ੍ਹ 9 ਜੁਲਾਈ, 2009

**ਵਿਸ਼ਾ ਸਕੂਲਾਂ ਵਿੱਚ ਅਧਿਆਪਕਾਂ ਵਲੋਂ ਅਤੇ ਵਿਦਿਆਰਥੀਆਂ ਵੱਲੋਂ ਗਾਈਡ ਜਾਂ ਹੈਲਪ ਬੁੱਕ ਨਾ ਵਰਤਣ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਮੁੱਖ ਦਫਤਰ ਦੁਆਰਾ ਗਠਤ ਕੀਤੀਆ ਗਈਆਂ ਡਵੀਜ਼ਨਲ ਪੱਧਰ ਦੀਆ ਇੰਨਸਪੈਕਸ਼ਨ ਟੀਮਾਂ ਅਤੇ ਜ਼ਿਲ੍ਹਾ ਪੱਧਰ ਦੀਆ ਇੰਨਸਪੈਕਸ਼ਨ ਟੀਮਾਂ ਵਲੋ ਸਮੇ ਸਮੇ ਸਿਰ ਕੀਤੇ ਨਿਰੀਖਣਾਂ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ ਰਾਜ ਦੇ ਬਹੁਤ ਸਾਰੇ ਸਕੂਲਾਂ ਵਿੱਚ ਟੈਕਸਟ ਬੁੱਕਸ ਦੀ ਵਜਾਏ ਹੈਲਪ ਬੁੱਕਸ ਜਾਂ ਗਾਈਡਜ ਨੂੰ ਜ਼ਿਆਦਾ ਤਰਜੀਹ ਦਿੱਤੀ ਜਾਂਦੀ ਹੈ । ਸਿੱਖਿਆ ਦੇ ਮਾਹਿਰਾਂ ਵਲੋ ਇਸ ਪ੍ਰਥਾ ਨੂੰ ਪੜ੍ਹਾਈ ਦੇ ਲਈ ਇੱਕ ਬਹੁਤ ਵੱਡਾ ਖਤਰਾ ਦੱਸਿਆ ਗਿਆ ਹੈ ਕਿਉਂ ਕਿ ਹੈਲਪ ਬੁੱਕ / ਗਾਈਡ ਦੇ ਇਸ਼ਤੇਮਾਲ ਕਰਨ ਨਾਲ ਬੱਚਿਆਂ ਨੂੰ ਵਿਸ਼ੇ ਦੀ ਕੰਮਪ੍ਰੀਹੈਂਸ਼ਨ ਜਾਂ ਸਮਝ ਬਾਰੇ ਕੋਈ ਉਪਰਾਲੇ ਨਹੀਂ ਕੀਤੇ ਜਾਂਦੇ ਹਨ । ਇਹ ਇੱਕ ਬਹੁਤ ਹੀ ਚਿੰਤਾਜਣਕ ਵਿਸ਼ਾ ਹੈ । ਇਸ ਨੂੰ ਮੁੱਖ ਰੱਖਦੇ ਹੋਇਆ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਦੇ ਮੁੱਖੀਆਂ ਨੂੰ ਇਹ ਸ਼ਖਤ ਹਦਾਇਤਾਂ ਜਾਰੀ ਕੀਤੀਆ ਜਾਣ ਕਿ ਕੋਈ ਵੀ ਅਧਿਆਪਕ ਜਾਂ ਵਿਦਿਆਰਥੀ ਕਿਸੀ ਵੀ ਤਰ੍ਹਾਂ ਦੀ ਹੈਲਪ ਬੁਕ / ਗਾਈਡ ਦੀ ਵਰਤੋਂ ਨਾ ਕਰੇ । ਇਸ ਦੇ ਨਾਲ ਹੀ ਅਧਿਆਪਕਾਂ ਨੂੰ ਇਹ ਵੀ ਹਦਾਇਤਾਂ ਜਾਰੀ ਕੀਤੀਆ ਜਾਣ ਕਿ ਬੱਚਿਆਂ ਨੂੰ ਸਮਝਾਉਣ ਲਈ ਆਪਣੇ ਪੱਧਰ ਤੇ ਟੀਚਿੰਗ ਲਰਨਿੰਗ ਮੈਟੀਰੀਅਲ ਤਿਆਰ ਕੀਤਾ ਜਾਵੇ ਤਾਂ ਜੋ ਬੱਚਿਆ ਦੇ ਮਨ ਤੇ ਵਿਸ਼ੇ ਦਾ ਕੋਈ ਬੋਝ ਨਾ ਪਵੇ ।

3.0 ਇਨ੍ਹਾਂ ਹਦਾਇਤਾਂ ਦੀ ਸ਼ਖਤੀ ਨਾਲ ਪਾਲਣਾ ਕੀਤੀ ਜਾਵੇ ਜੀ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ : ਪਿਠ ਅੰਕਣ ਨੰ ਸਸਅ/ਮੈਥ ਸੈਲ/09/51672-51733 ਮਿਤੀ 9.7.09

1. ਰਾਜ ਦੇ ਸਮੂਹ ਜ਼ਿਲ੍ਹਾਂ ਸਾਇੰਸ ਸੁਪਰਵਾਈਜ਼ਰ
2. ਡੀ.ਐਮ. ਐਮ ਆਈ ਐਸ (ਬੈਵ ਸਾਈਟ ਤੇ ਲੋਡ ਕਰਨ ਲਈ)
3. ਪੀ.ਏ. /ਡੀ.ਜੀ.ਐਸ.ਈ.